BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਕਾਉਂਸਿਲ ਨੇ ਲੋਕਲ ਰੈਸਟੋਰੈਂਟਾਂ ਦੀ ਮਦਦ ਲਈ ਪੈਟਿਓ ਬ੍ਰੈਂਪਟਨ ਪ੍ਰੋਗਰਾਮ ਦੀ ਮਿਆਦ 2021 ਤੱਕ ਵਧਾਈ

ਬ੍ਰੈਂਪਟਨ, ਓਨਟੈਰੀਓ (29 ਅਕਤੂਬਰ, 2020) – ਕੱਲ੍ਹ ਆਪਣੀ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਸਿਟੀ ਦੇ ਪੈਟਿਓ ਬ੍ਰੈਂਪਟਨ (Patio Brampton) ਪ੍ਰੋਗਰਾਮ ਨੂੰ 7 ਸਤੰਬਰ, 2021 ਤੱਕ ਵਧਾਉਣ ਵਾਸਤੇ ਸਰਬ ਸੰਮਤੀ ਨਾਲ ਵੋਟ ਦਿੱਤੀ। ਇਸ ਪ੍ਰੋਗਰਾਮ ਨਾਲ ਰੈਸਟੋਰੈਂਟ, ਬਾਰਾਂ ਅਤੇ ਖਾਣ-ਪੀਣ ਸਬੰਧੀ ਹੋਰ ਸੰਸਥਾਨ, ਵਿਸਤ੍ਰਿਤ ਆਉਟਡੋਰ ਡਾਈਨਿੰਗ ਸਪੇਸਿਜ (ਖਾਣ-ਪੀਣ ਸਬੰਧੀ ਬਾਹਰਲੀਆਂ ਥਾਵਾਂ) ਪੇਸ਼ ਕਰਨਾ ਜਾਰੀ ਰੱਖ ਸਕਣਗੇ।

9 ਅਕਤੂਬਰ ਨੂੰ, ਓਨਟੈਰੀਓ ਸੂਬੇ ਨੇ ਪੀਲ ਰੀਜਨ (Peel Region) ਲਈ ਸੰਸ਼ੋਧਿਤ ਸਟੇਜ 2 ਪੱਧਰ ਵਿੱਚ ਦਾਖ਼ਲ ਹੋਣ ਦਾ ਐਲਾਨ ਕੀਤਾ ਸੀ, ਜਿਸ ਵਿੱਚ ਇਨਡੋਰ ਡਾਈਨਿੰਗ (ਅੰਦਰਲੀ ਥਾਂ ਵਿੱਚ ਖਾਣਾ-ਪੀਣਾ) ਥਾਵਾਂ ਨੂੰ, 9 ਅਕਤੂਬਰ ਦੀ ਅੱਧੀ ਰਾਤ ਤੋਂ, ਘੱਟੋ-ਘੱਟ 28 ਦਿਨਾਂ ਵਾਸਤੇ ਅਸਥਾਈ ਰੂਪ ਨਾਲ ਬੰਦ ਰੱਖਣਾ ਸ਼ਾਮਲ ਸੀ। ਪੈਟਿਓ ਬ੍ਰੈਂਪਟਨ ਪ੍ਰੋਗਰਾਮ ਦੇ ਵਿਸਤਾਰ ਦਾ ਉਦੇਸ਼, ਇਸ ਮਿਆਦ ਦੇ ਦੌਰਾਨ ਇਹਨਾਂ ਕਾਰੋਬਾਰੀਆਂ ਨੂੰ ਸਹਿਯੋਗ ਕਰਨਾ ਅਤੇ ਪੂਰੀ ਸਰਦੀ, ਵਧੀਆਂ ਹੋਈਆਂ ਸੀਟਾਂ ਵਾਲੇ ਖੇਤਰਾਂ ਲਈ ਵਾਧੂ ਮੌਕੇ ਪ੍ਰਦਾਨ ਕਰਨਾ ਹੈ।

ਕਾਉਂਸਿਲ ਨੇ ਇਹ ਵੀ ਨਿਰਦੇਸ਼ ਦਿੱਤਾ ਕਿ ਹੇਠਾਂ ਦਿੱਤਿਆਂ ਦੀ ਹਿਮਾਇਤ ਲਈ ਸੂਬੇ ਨੂੰ ਪੱਤਰ ਭੇਜੇ ਜਾਣ:

- ਲਾਇਸੈਂਸਾਂ ਵਾਸਤੇ ਪ੍ਰਸ਼ਾਸਕੀ ਬੋਝ ਨੂੰ ਘੱਟ ਕਰਨ ਲਈ ਰੈਸਟੋਰੈਂਟਾਂ ਨੂੰ ਉਹਨਾਂ ਦੇ ਮੌਜੂਦਾ ਲਾਇਸੈਂਸਸ਼ੁਦਾ ਪੈਟਿਓ ਦੇ ਫਿਜੀਕਲ ਸਾਈਜ ਦਾ ਅਸਥਾਈ ਤੌਰ ਤੇ ਵਿਸਤਾਰ ਕਰਨ ਦੀ ਲਚਕਤਾ ਪ੍ਰਦਾਨ ਕਰਨ ਲਈ ਜਾਂ ਨਵੇਂ ਲਾਇਸੈਂਸਸ਼ੁਦਾ ਪੈਟਿਓ ਨੂੰ ਅਸਥਾਈ ਤੌਰ ਤੇ ਸ਼ਾਮਲ ਕਰਨ ਲਈ, ਸ਼ਰਾਬ ਸਬੰਧੀ ਲਾਇਸੈਂਸ ਦੀ ਮਿਆਦ 1 ਜਨਵਰੀ, 2021 ਤੱਕ ਵਧਾਉਣ ਦੀ ਇਜਾਜ਼ਤ; ਅਤੇ,
- ਅਜਿਹੇ ਅਧਿਨਿਯਮ, ਜਿਹਨਾਂ ਨਾਲ ਰੈਸਟੋਰੈਂਟ, ਬਾਰਾਂ ਅਤੇ ਖਾਣ-ਪੀਣ ਸਬੰਧੀ ਹੋਰ ਸੰਸਥਾਨ, ਅੰਸ਼ਕ ਤੌਰ ਤੇ ਮੌਜੂਦਾ ਅਤੇ ਵਿਸਤ੍ਰਿਤ ਪੈਟਿਓ ਨੂੰ ਆਪਣੇ ਨਾਲ ਸ਼ਾਮਲ ਕਰ ਸਕਣਗੇ, ਤਾਂ ਜੋ ਸੁਰੱਖਿਅਤ ਰੂਪ ਨਾਲ ਸੰਚਾਲਨ ਕਰਦੇ ਹੋਏ, ਸਰਦੀ ਦੇ ਮਹੀਨਿਆਂ ਦੇ ਦੌਰਾਨ ਇਹਨਾਂ ਸੰਸਥਾਨਾਂ ਨੂੰ ਚਲਾਉਣ ਵਿੱਚ ਸਹਾਇਤਾ ਮਿਲ ਸਕੇ।

ਵਿੰਟਰ ਪੈਟਿਓਜ (Winter Patios) ਬਾਰੇ ਜਾਣਕਾਰੀ ਅਤੇ ਨਿਰਦੇਸ਼ਾਂ ਲਈ, ਕਾਰੋਬਾਰੀ ਨੂੰ ਪੈਟਿਓ ਬ੍ਰੈਂਪਟਨ ਦੇ ਵੈਬਪੇਜ (Patio Brampton webpage) ਤੇ ਜਾਣਾ ਚਾਹੀਦਾ ਹੈ ਜਾਂ invest@brampton.ca ਤੇ ਸੰਪਰਕ ਕਰਨਾ ਚਾਹੀਦਾ ਹੈ।

**ਹਵਾਲੇ**

"ਅਸੀਂ ਇਸ ਮੁਸ਼ਕਲ ਸਮੇਂ ਵਿੱਚ, ਸਾਡੇ ਰੈਸਟੋਰੈਂਟਾਂ ਅਤੇ ਬਾਰਾਂ ਦੀ ਮਦਦ ਕਰਨ ਦਾ ਹਰ ਸੰਭਵ ਯਤਨ ਕਰਨ ਲਈ ਵਚਨਬੱਧ ਹਾਂ। ਪੈਟਿਓ ਬ੍ਰੈਂਪਟਨ ਪ੍ਰੋਗਰਾਮ ਦਾ ਵਿਸਤਾਰ, ਇਨਡੋਰ ਡਾਈਨਿੰਗ ਬੰਦ ਹੋਣ ਦੇ ਸਮੇਂ ਸਾਡੇ ਕਾਰੋਬਾਰੀਆਂ ਨੂੰ ਗਾਹਕਾਂ ਵਾਸਤੇ ਆਉਟਡੋਰ ਸੇਵਾ ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕਰੇਗਾ ਅਤੇ ਸੂਬੇ ਵੱਲੋਂ ਇਨਡੋਰ ਡਾਈਨਿੰਗ ਨੂੰ ਦੁਬਾਰਾ ਖੋਲ੍ਹਣ ਦੀ ਇਜਾਜ਼ਤ ਦੇਣ ਤੇ ਵਾਧੂ ਥਾਂ ਪ੍ਰਦਾਨ ਕਰੇਗਾ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਬ੍ਰੈਂਪਟਨ ਵਿੱਚ ਮੌਜੂਦ ਕਈ ਸ਼ਾਨਦਾਰ ਪੈਟਿਓਜ ਦੀ ਪੜਚੋਲ ਕਰੋ, ਜਦੋਂ ਅਸੀਂ ਇਸ ਮੁਸ਼ਕਲ ਸਮੇਂ ਦੇ ਦੌਰਾਨ ਸਾਡੇ ਲੋਕਲ ਰੈਸਟੋਰੈਂਟਾਂ ਦੀ ਮਦਦ ਕਰ ਰਹੇ ਹਾਂ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੀ ਖੁਸ਼ਕਿਸਮਤੀ ਹੈ ਕਿ ਸਾਡੇ ਵੰਨ-ਸੁਵੰਨੇ ਸ਼ਹਿਰ ਵਿੱਚ ਕਈ ਤਰ੍ਹਾਂ ਦੇ ਸ਼ਾਨਦਾਰ ਰੈਸਟੋਰੈਂਟ ਹਨ ਅਤੇ ਇਹ ਬਹੁਤ ਮਹੱਤਵਪੂਣ ਹੈ ਕਿ ਅਸੀਂ ਲੋਕਲ ਨੂੰ ਸਹਿਯੋਗ ਕਰੀਏ ਕਿਉਂਕਿ ਉਹ ਕੋਵਿਡ-19 ਤੋਂ ਲਗਾਤਾਰ ਗੰਭੀਰ ਰੂਪ ਨਾਲ ਪ੍ਰਭਾਵਿਤ ਹੋ ਰਹੇ ਹਨ। ਸਾਡੇ ਲੋਕਲ ਕਾਰੋਬਾਰੀਆਂ ਅਤੇ ਆਰਥਿਕ ਬਹਾਲੀ ਨੂੰ

ਸਹਿਯੋਗ ਕਰਦੇ ਹੋਏ, ਭੋਜਨ ਘਰ ਲਿਜਾਣ ਤੋਂ ਲੈ ਕੇ ਪੈਟਿਓਜ ਵਿਖੇ ਜਾਣ ਤੱਕ, ਸਾਡੇ ਸ਼ਹਿਰ ਵਿੱਚ ਮੌਜੂਦ, ਬ੍ਰੈਂਪਟਨ ਦੀਆਂ ਬੇਜੋੜ ਥਾਵਾਂ ਦਾ ਆਨੰਦ ਮਾਣਨ ਦੇ ਕਈ ਤਰੀਕੇ ਹਨ।"

– *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ ਕਮੇਟੀ; ਕੋ-ਲੀਡ, ਇਕੋਨੋਮਿਕ ਸਪੋਰਟ ਟਾਸਕ ਫੋਰਸ; ਸਿਟੀ ਆਫ ਬ੍ਰੈਂਪਟਨ*

"ਮੈਨੂੰ ਖੁਸ਼ੀ ਹੈ ਕਿ ਪੈਟਿਓ ਬ੍ਰੈਂਪਟਨ ਪ੍ਰੋਗਰਾਮ ਦਾ ਵਿਸਤਾਰ ਹੋ ਗਿਆ ਹੈ, ਤਾਂ ਜੋ ਰੈਸਟੋਰੈਂਟ ਅਤੇ ਬਾਰਾਂ ਆਪਣੇ ਭੋਜਨ ਸਬੰਧੀ ਸੰਚਾਲਨਾਂ ਅਤੇ ਆਪਣੇ ਗਾਹਕਾਂ ਦੀ ਸੁਰੱਖਿਆ ਕਾਇਮ ਰੱਖ ਸਕਣ। ਹਾਲਾਂਕਿ ਅਕਤੂਬਰ ਨੂੰ ਸਮਾੱਲ ਬਿਜਨੇਸ ਮੰਥ ਦੇ ਤੌਰ ਤੇ ਨਿਯਤ ਕੀਤਾ ਗਿਆ ਹੈ, ਪਰ ਲੋਕਲ ਸੰਸਥਾਨਾਂ ਨੂੰ ਪੂਰਾ-ਸਾਲ ਸਾਡੀ ਮਦਦ ਦੀ ਲੋੜ ਹੈ। ਇਸ ਕਰਕੇ ਸਾਡੇ ਵਾਸਤੇ ਉਹਨਾਂ ਨਾਲ ਮਿਲ ਕੇ ਕੰਮ ਕਰਨ ਨੂੰ ਜਾਰੀ ਰੱਖਣਾ ਲਾਜ਼ਮੀ ਹੈ, ਤਾਂ ਜੋ ਇਸ ਬੇਹੱਦ ਮੁਸ਼ਕਲ ਸਮੇਂ ਵਿੱਚ ਉਹਨਾਂ ਅੱਗੇ ਆਉਣ ਵਾਲੀਆਂ ਚੁਣੌਤੀਆਂ ਤੋਂ ਬਾਹਰ ਨਿੱਕਲਣ ਵਿੱਚ ਉਹਨਾਂ ਦੀ ਮਦਦ ਲਈ ਨਵੇਂ ਅਤੇ ਨਵੀਨਤਾਕਾਰੀ ਤਰੀਕੇ ਨਿਰਧਾਰਤ ਕੀਤੇ ਜਾ ਸਕਣ। ਰੁਕਾਵਟਾਂ ਨੂੰ ਦੂਰ ਕਰਨ ਅਤੇ ਸਾਡੇ ਅਰਥਚਾਰੇ ਨੂੰ ਮੁੜ ਬਹਾਲ ਕਰਨ ਵਾਸਤੇ ਇਕੱਠੇ ਕੰਮ ਕਰਨਾ, ਸਾਡੇ ਅੱਗੇ ਵਧਣ ਲਈ ਮਹੱਤਵਪੂਰਣ ਹੈ।"

– *ਮਾਈਕਲ ਪਲੇਸ਼ੀ (Michael Palleschi), ਰੀਜਨਲ ਕਾਉਂਸਲਰ, ਵਾਰਡਸ 2 ਅਤੇ 6; ਕੋ-ਲੀਡ, ਇਕੋਨੋਮਿਕ ਸਪੋਰਟ ਟਾਸਕ ਫੋਰਸ; ਸਿਟੀ ਆਫ ਬ੍ਰੈਂਪਟਨ*

"ਕਾਉਂਸਿਲ ਅਤੇ ਸਟਾਫ਼, ਲੋਕਲ ਕਾਰੋਬਾਰੀਆਂ ਨੂੰ ਸਹਿਯੋਗ ਕਰਨ ਲਈ ਵਚਨਬੱਧ ਹਨ, ਜਦੋਂ ਉਹ ਕੋਵਿਡ-19 ਮਹਾਂਮਾਰੀ ਦੇ ਜਾਰੀ ਪ੍ਰਭਾਵਾਂ ਤੋਂ ਬਾਹਰ ਨਿੱਕਲ ਰਹੇ ਹਨ। ਸਟਾਫ਼, ਸਾਡੇ ਲੋਕਲ ਰੈਸਟੋਰੈਂਟਾਂ, ਬਾਰਾਂ ਅਤੇ ਖਾਣ-ਪੀਣ ਸਬੰਧੀ ਹੋਰ ਸੰਸਥਾਨਾਂ ਦੇ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ, ਤਾਂ ਜੋ ਸਾਡੇ ਗਾਹਕਾਂ ਅਤੇ ਨਿਵਾਸੀਆਂ ਨੂੰ ਸੁਰੱਖਿਅਤ ਰੱਖਦੇ ਹੋਏ, ਵਿੰਟਰ ਪੈਟਿਓਜ ਨੂੰ ਬਦਲਣ ਵਿੱਚ ਉਹਨਾਂ ਦੀ ਮਦਦ ਕੀਤੀ ਜਾ ਸਕੇ।"

– *ਡੇਵਿਡ ਬੈਰਿਕ (David Barrick), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca